ਟ ਨੰ: ੧੨

ریاست تے انقلاب

# ਰਿਆਸਤ ਤੇ ਇਨਕਲਾਬ

G. 428

ਲੈਨਿਨ

ਪ੍ਰਕਾਸ਼ਕ:-
ਪ੍ਰੋਗ੍ਰੈਸਿਵ ਪਬਲਿਸ਼ਰਜ਼
੧੧੪ ਮੈਕਲੋਡ ਰੋਡ, ਲਾਹੌਰ

320.1

29996

ਪਹਿਲੀ ਵਾਰ–ਜੂਨ ੧੯੪੭

ਪ੍ਰਿੰਟਰ–ਸਾਥੀ ਅਰਜਨ ਸਿੰਘ 'ਗੜਗੱਜ' ਦੇਸ਼ਭਗਤ ਪ੍ਰਿੰਟਿੰਗ ਪ੍ਰੈਸ,
(ਪੁਰਾਣੀ ਅਨਾਰਕਲੀ) ਚਰਚ ਰੋਡ ਲਾਹੌਰ।
ਪਬਲਿਸ਼ਰ–ਸਾਥੀ ਤੇਜਾ ਸਿੰਘ 'ਸੁਤੰਤਰ', ੧੧੪ ਮੈਕਲੋਡ ਰੋਡ ਲਾਹੌਰ।

# ਦੋ ਸ਼ਬਦ

ਲੈਨਿਨ ਨੇ ਕਿਸੇ ਥਾਂ ਆਖਿਆ ਹੈ ਕਿ ਮਾਰਕਸ ਦੋਂਹ ਗਲਾਂ ਵਿਚ ਬਹੁਤ ਗਲਤ ਪੇਸ਼ ਕੀਤਾ ਗਿਆ ਹੈ। ਇਕ "ਰਿਆਸਤ" ਦੇ ਸਿਧਾਂਤ ਵਿਚ, ਅਤੇ ਦੂਜੇ "ਮਜ਼ਦੂਰਾਂ ਦਾ ਕੋਈ ਦੇਸ਼ ਨਹੀਂ" ਦੇ ਸਿਧਾਂਤ ਵਿਚ। ਮਾਰਕਸ ਨੂੰ ਗਲਤ ਪੇਸ਼ ਕਰਨ ਵਾਲਿਆਂ ਵਿਚੋਂ ਦੂਜੀ ਇੰਟਰਨੈਸ਼ਨਲ ਦੇ ਲੀਡਰ ਕੋਟਸਕੀ ਅਤੇ ਬਰਨਸਟੀਨ ਸਾਰਿਆਂ ਨਾਲੋਂ ਪੇਸ਼ ਪੇਸ਼ ਰਹੇ ਹਨ। ਲੈਨਿਨ ਨੇ ਆਪਣੀਆਂ ਲਿਖਤਾਂ ਤੇ ਪੁਸਤਕਾਂ ਵਿਚ ਇਹਨਾਂ ਦੇ ਰਾਜਸੀ ਦੀਵਾਲੀਏ-ਪਣ ਨੂੰ ਚੰਗੀ ਤਰਾਂ ਨੰਗਿਆਂ ਕੀਤਾ ਹੈ। ਇਸ ਪੁਸਤਕ-'ਰਿਆਸਤ ਤੇ ਇਨਕਲਾਬ'–ਵਿਚ ਲੈਨਿਨ ਨੇ 'ਰਿਆਸਤ' ਦੇ ਸਿਧਾਂਤ ਦਾ ਖੋਲਕੇ ਮਾਰਕਸੀ ਨਿਰਣਾ ਦਿਤਾ ਹੈ ਅਤੇ ਇਸ ਸਿਧਾਂਤ ਵਿਚ ਖੋਟ ਮਿਲੌਣ ਵਾਲਿਆਂ ਦੀ ਚੰਗੀ ਤਰ੍ਹਾਂ ਕਲੱਈ ਖੋਲ੍ਹੀ ਹੈ।

ਲੈਨਿਨ ਨੇ ਮਾਰਕਸੀ ਸਿਧਾਂਤ ਦੇ ਮੈਦਾਨ ਵਿਚ ਸਭਤੋਂ ਵਡੇ ਦੋ ਕੰਮ ਕੀਤੇ; (੧) ਉਸਨੇ ਮਾਰਕਸ ਦੇ ਸਿਧਾਂਤ ਦਾ ਚੰਗੀ ਤਰ੍ਹਾਂ ਮੁਤਾਲਿਆ ਕੀਤਾ; ਉਸਦੀ ਖੋਲ੍ਹਕੇ ਸਹੀ ਵਿਆਖਿਆ ਕੀਤੀ ਤੇ ਮਾਰਕਸੀ ਸਿਖਿਆ ਵਿਚ ਵਾਧਾ ਕਰਕੇ ਮਾਰਕਸਿਜ਼ਮ ਦੇ ਭੰਡਾਰੇ ਨੂੰ ਭਰਪੂਰ ਕੀਤਾ। (੨) ਉਸਨੇ ਮਾਰਕਸਿਜ਼ਮ ਵਿਚ ਖੋਟ ਰਲੌਣ ਵਾਲਿਆਂ ਵਿਰੁਧ ਡੱਟਕੇ ਵੀਚਾਰ-ਧਾਰਕ ਲੜਾਈਆਂ ਕੀਤੀਆਂ ਅਤੇ ਉਹਨਾਂ ਨੂੰ ਵੀਚਾਰ-ਧਾਰਕ ਮੈਦਾਨ ਵਿਚ ਧੜੱਲੇਦਾਰ ਸ਼ਿਕਸਤਾਂ ਦੇ ਕੇ ਮਾਰਕਸਿਜ਼ਮ ਦੀ ਪਵਿਤਰਤਾ ਨੂੰ ਕਾਇਮ ਰਖਿਆ।

ਮਾਰਕਸਿਜ਼ਮ ਦੀ ਵਰਤਮਾਨ ਤਰੱਕੀ ਲੈਨਿਨ ਦੀ ਮਿਹਨਤ ਦਾ ਨਤੀਜਾ ਹੈ। ਅੱਜ ਮੁਲਕਾਂ ਮੁਲਕਾਂ ਵਿਚ ਮਾਰਕਸਸਿਜ਼ਮ ਦਾ ਬੋਲ ਬਾਲਾ ਹੋ ਰਿਹਾ ਹੈ। ਕਿਉਂਕਿ ਮਾਰਕਸਿਜ਼ਮ ਹਰ ਥਾਂ ਅਮਲ ਦੇ, ਸੰਗਰਾਮ ਦੇ ਸਹੀ ਨਾਹਰੇ ਦੇ ਰਿਹਾ ਹੈ। ਮਾਰਕਸਿਜ਼ਮ ਇਲਹਾਮ ਨਹੀਂ, ਕਟੱੜ-ਪੰਥ ਨਹੀਂ, ਇਹ ਅਮਲ ਤੇ ਸੰਗਰਾਮ ਦੀ ਅਗੁਆਈ ਹੈ।

ਮਾਰਕਸਿਜ਼ਮ ਸਮਾਜ ਦੀ ਸਾਇੰਸ ਹੈ। ਇਹ ਮੁਲਕਾਂ ਦੇ ਇਨਕਲਾਬੀ ਤਜਰਬਿਆਂ ਨੂੰ ਜਾਚਦਾ ਤੋਲਦਾ ਹੈ, ਜੇਹੜੇ ਦੇਸ਼, ਸਾਡੇ ਦੇਸ਼ ਵਰਗੇ ਸਰਮਾਏਦਾਰੀ ਹਾਲਾਤ ਵਿਚ ਜਾਂ ਵਿਕਾਸ਼ ਦੇ ਕਿਸੇ ਹੋਰ ਸਟੇਜ ਵਿਚ ਦੀ ਲੰਘ ਰਹੇ ਹਨ, ਉਹਨਾਂ ਦੇ ਤਜਰਬਿਆਂ ਦੀ ਜਾਚ ਪੜਤਾਲ ਕਰਦਾ ਹੈ। ਇਹ ਸਭ ਸ਼ਕਤੀਆਂ, ਪਾਰਟੀਆਂ, ਧੜਿਆਂ, ਸ਼ਰੇਣੀਆਂ ਤੇ ਕੁਲ ਜਨਤਾ ਨੂੰ ਚੰਗੀ ਤਰ੍ਹਾਂ ਤੋਲ ਨਾਪ ਕੇ ਆਪਣੀ ਪਾਲਿਸੀ ਬਣੌਣ ਦੀ ਸਿਖਿਆ ਦੇਂਦਾ ਹੈ। ਅਤੇ ਆਪਣੀ ਪਾਲਸੀ ਸਿਰਫ ਖਾਹਸ਼ਾਂ, ਜਜ਼ਬਿਆਂ, ਖਿਆਲਾਂ, ਇਕ ਧੜੇ ਜਾਂ ਪਾਰਟੀ ਦੀ ਤਿਆਰੀ, ਉਤੇ ਹੀ ਬਣੌਣ ਦੀ ਆਗਿਆ ਨਹੀਂ ਦੇਂਦਾ। ਮਾਰਕਸਿਜ਼ਮ

ਲੜਾਈ ਦੇ ਠੀਕ ਨਾਹਰੇ ਦੇਣ ਦੀ ਜਾਚ ਸਿਖਾਲਦਾ ਹੈ ।

ਹਰ ਇਕ ਰਾਜਸੀ ਪਾਰਟੀ ਰਿਆਸਤ ਉਤੇ ਕਬਜ਼ਾ ਕਰਨ ਲਈ ਲੜਦੀ ਹੈ । ਜਿਸ ਪਾਰਟੀ ਦੇ ਮਿੰਬਰਾਂ ਨੂੰ ਇਹ ਗਿਆਨ ਨਹੀਂ ਕਿ ਰਿਆਸਤ ਦਾ ਅਸਲਾ ਕੀ ਹੈ, ਇਹ ਸਮਾਜ ਦੇ ਵਿਕਾਸ਼ ਵਿਚ ਕਦ ਤੇ ਕਿਵੇਂ ਪੈਦਾ ਹੋਈ, ਇਹ ਕਿੰਨਾਂ ਹਾਲਾਤ ਵਿਚ ਵਧੀ ਫੁੱਲੀ, ਇਹ ਕਿਵੇਂ ਇਕ ਸ਼ਰੇਣੀ ਦਾ ਦੂਜੀਆਂ ਸ਼ਰੇਣੀਆਂ ਨੂੰ ਦਬਾਈ ਰਖਣ ਤੇ ਲੁੱਟਣ ਪੁੱਟਣ ਲਈ ਹਥਿਆਰ ਹੈ ਅਤੇ ਕਿਵੇਂ ਅੰਤ ਵਿਚ ਇਸਦਾ ਵੀ ਅੰਤ ਆ ਜਾਂਦਾ ਹੈ—ਉਹ ਆਪਣੀ ਰਾਜਸੀ ਲੜਾਈ ਸੂਝ ਨਾਲ ਨਹੀਂ ਲੜ ਸਕਦੇ । ਆਗੂਆਂ ਦਾ ਇਹ ਮੁਖ ਕੰਮ ਹੈ ਕਿ ਉਹ ਸਭ ਸਿਧਾਂਤਕ ਸੁਆਲਾਂ ਦੀਆਂ ਡੂੰਘਾਈਆਂ ਤਕ ਪਹੁੰਚਣ ਆਪਣੇ ਆਪ ਨੂੰ ਰਿਵਾਜੀ ਤੇ ਪਿਤਾ-ਪੁਰਖਕ ਖਿਆਲਾਂ ਤੋਂ ਛੜੌਣ ਅਤੇ ਮਾਰਕਸਿਜ਼ਮ ਦੀ ਸਾਇੰਸ ਨੂੰ ਬਰੀਕੀ ਤੇ ਧਿਆਨ ਨਾਲ ਘੋਖਣ । ਤਦ ਹੀ ਜਾਕੇ ਉਹ ਆਪਣਾ ਫਰਜ਼ ਪੂਰੀ ਤਰ੍ਹਾਂ ਨਿਬਾਹ ਸਕਣਗੇ ।

ਅਜ ਮਾਰਕਸਿਜ਼ਮ ਦੇ ਝੰਡੇ ਥਲੇ ਲਾਲ ਫੌਜ ਹਿਟਲਰੀ ਫਾਸਿਜ਼ਮ ਦਾ ਖੁਥਾੜ ਭੰਨ ਰਹੀ ਹੈ । ਫਾਸ਼ਿਜ਼ਮ ਦੇ ਦਿਨ ਗਿਣੇ ਮਿਥੇ ਰਹਿ ਗਏ ਹਨ । ਪੁਰਾਣਾ ਪਰਬੰਧ ਢਹਿ ਢੇਰੀ ਹੋ ਰਿਹਾ ਹੈ । ਪੁਰਾਣੀਆਂ ਰਿਆਸਤਾਂ ਤੇ ਉਹਨਾਂ ਦੇ ਮਾਲਕਾਂ ਨੂੰ ਅਜਾਇਬ ਘਰ ਦੀ ਕਿਸੇ ਨੁਕਰੇ ਰਖਣ ਦੀਆਂ ਤਿਆਰੀਆਂ ਹੋ ਰਹੀਆਂ ਹਨ । ਲਾਲ ਫੌਜ ਦੀਆਂ ਜਿਤਾਂ ਨੇ ਨਵੇਂ ਪਰਬੰਧ ਦੀਆਂ ਬੁਨਿਆਦਾਂ ਕਾਇਮ ਕਰਨ ਦੇ ਹਾਲਾਤ ਪੈਦਾ ਕਰ ਦਿਤੇ ਹਨ । ਸਾਡੀ ਖੁਸ਼-ਕਿਸਮਤੀ ਹੈ ਕਿ ਅਸੀਂ ਏਹੋ ਜੇਹੇ ਇਨਕਲਾਬੀ ਹਾਲਾਤ ਵਿਚ ਦੀ ਲੰਘ ਰਹੇ ਹਾਂ ਅਤੇ ਇਕ ਨਵੀਂ ਦੁਨੀਆਂ ਵਸੌਣ ਵਿਚ ਹਿਸਾ ਪਾ ਰਹੇ ਹਾਂ ।

ਇਹ ਪੁਸਤਕ ਨਵੀਂ ਦੁਨੀਆਂ ਦੇ ਨਕਸ਼ੇ, ਉਸ ਨੂੰ ਵਜੂਦ ਵਿਚ ਲਿਆਉਣ ਦੇ ਢੰਗ ਅਤੇ ਸਾਡੇ ਇਸ ਵਿਚ ਪਾਰਟ–ਸਬੰਧੀ ਸਭ ਕੁਛ ਦਸਦੀ ਹੈ । ਇਸ ਨੂੰ ਇਕ ਦੋ ਵਾਰ ਨਹੀਂ ਮੁੜ ਮੁੜਕੇ ਪੜ੍ਹੋ ਤਾਂ ਜੋ ਤੁਹਾਡਾ ਅਮਲ ਅੰਨ੍ਹਾਂ ਨਾਂ ਰਹੇ ਸੁਜਾਖਾ ਹੋ ਜਾਵੇ ।

'ਲੈਨਿਨਜ਼ਿਮ ਦੀਆਂ ਨੀਹਾਂ' ਤੋਂ ਬਾਅਦ ਅਸੀਂ ਇਹ ਦੂਸਰੀ ਬੁਨਿਆਦੀ ਪੁਸਤਕ ਪੇਸ਼ ਕਰ ਰਹੇ ਹਾਂ । ਸਚਿਆਈ ਦੇ ਹਰ ਖੋਜੀ ਨੂੰ ਇਹ ਪੁਸਤਕ ਪੜ੍ਹਨੀ ਚਾਹੀਦੀ ਹੈ ਤੇ ਇਸ ਸਿਧਾਂਤ ਦੀ ਸਚਿਆਈ ਤੇ ਵੀਚਾਰ ਕਰਨੀ ਚਾਹੀਦੀ ਹੈ ।

ਜੰਗਿ ਆਜ਼ਾਦੀ                    ਸੋਹਣ ਸਿੰਘ ਜੋਸ਼

ਲਾਹੌਰ, ੩ ਜੂਨ ੧੯੪੪

# ਭੂਮਕਾ

(ਵੀ. ਆਈ. ਲੈਨਿਨ)

ਇਸ ਵੇਲੇ ਰਿਆਸਤ ਦਾ ਸਵਾਲ ਇੱਕ ਖਾਸ ਮਹਾਨਤਾ ਹਾਸਲ ਕਰ ਰਿਹਾ ਹੈ, ਸਿਧਾਂਤਿਕ ਤੌਰ ਤੇ ਵੀ, ਤੇ ਅਮਲੀ ਤੌਰ ਤੇ ਵੀ ।

ਸਾਮਰਾਜੀ ਜੰਗ ਨੇ ਇਜਾਰਿਆਂ ਵਾਲੀ ਸਰਮਾਏਦਾਰੀ੧ ਤੋਂ ਰਿਆਸਤੀ ਇਜਾਰਿਆਂ ਵਾਲੀ ਸਰਮਾਏਦਾਰੀ ਵਿੱਚ ਪਲਟਣ ਦੇ ਅਮਲ ਨੂੰ ਬੜਾ ਤੇਜ਼ ਤੇ ਤਿੱਖਾ ਕਰ ਦਿੱਤਾ ਹੈ । ਮੇਹਨਤਕਸ਼ ਲੋਕਾਂ ਉੱਤੇ ਰਿਆਸਤ ਵੱਲੋਂ ਮਹਾਨ ਜ਼ੁਲਮ ਢਾਹੇ ਜਾ ਰਹੇ ਹਨ, ਜੋ ਕਿ ਦਿਨੋਂ ਦਿਨ ਭਿਆਨਕ ਹੁੰਦੇ ਜਾ ਰਹੇ ਹਨ । ਰਿਆਸਤ ਆਪਣੇ ਆਪ ਨੂੰ ਜ਼ਬਰ-ਦਸਤ ਸਰਮਾਏਦਾਰੀ ਜੁੱਟਾਂ ਨਾਲ ਜ਼ਿਆਦਾ ਹੀ ਜ਼ਿਆਦਾ ਮਿਲਾਂਦੀ ਚਲੀ ਜਾ ਰਹੀ ਹੈ । ਸਭ ਤੋਂ ਅੱਗੇ ਵਧੇ ਹੋਏ ਮੁਲਕਾਂ ਨੂੰ ਫ਼ੌਜੀ ਮੇਹਨਤ ਦ ਕੈਦਖਾਨਿਆਂ ਵਿੱਚ ਪਲਟਿਆ ਜਾ ਰਿਹਾ ਹੈ, ਜਿੱਥੇ ਮਜ਼ਦੂਰਾਂ ਪਾਸੋਂ ਧਿੰਗੋਜ਼ੋਰੀ ਕੰਮ ਕਰਾਇਆ ਜਾਂਦਾ ਹੈ । ਜਦ ਅਸੀਂ ਇਸਤਰ੍ਹਾਂ ਕਹਿੰਦੇ ਹਾਂ, ਤਾਂ ਸਾਡਾ ਮਤਲਬ ਮੋਰਚੇ ਤੋਂ ਨਹੀਂ ਹੈ, ਸਗੋਂ "ਪਿੱਛੇ" ਤੋਂ ਹੈ ।

ਜੰਗ ਲੰਮੀ ਹੁੰਦੀ ਜਾ ਰਹੀ ਹੈ । ਇਸ ਤੋਂ ਪੈਦਾ ਹੋਈਆਂ ਮੁਸੀਬਤਾਂ ਤੇ ਜ਼ੁਲਮ, ਲੋਕਾਂ ਦੀ ਹਾਲਤ ਨੂੰ ਅਸਹਿ ਬਣਾ ਰਹੇ ਹਨ, ਉਹਨਾਂ ਦੇ ਗੁੱਸੇ ਤੇ ਜੋਸ਼ ਵਿੱਚ ਵਾਧਾ ਕਰ ਰਹੇ ਹਨ ।

ਇਹ ਗੱਲ ਬਿਲਕੁਲ ਸਾਫ਼ ਹੈ ਕਿ ਦੁਨੀਆ ਦਾ ਮਜ਼ਦੂਰ ਇਨਕਲਾਬ ਤਿਆਰ ਹੋ ਰਿਹਾ ਹੈ ।

ਇਸ ਇਨਕਲਾਬ ਦਾ ਰਿਆਸਤ ਨਾਲ ਕੀਹ ਸੰਬੰਧ ਹੈ, ਇਹ ਸਵਾਲ ਇੱਕ ਅਮਲੀ ਮਹਾਨਤਾ ਹਾਸਲ ਕਰ ਰਿਹਾ ਹੈ ।

ਜਿੰਨ੍ਹਾਂ ਸਾਲਾਂ ਵਿੱਚ ਅੱਗੇ ਨਾਲੋਂ ਜ਼ਿਆਦਾ ਅਮਨ ਨਾਲ ਤਰੱਕੀ ਹੁੰਦੀ ਰਹੀ ਸੀ, ਉਹਨਾਂ ਵਿੱਚ ਹੀ ਮੌਕਾਪਸੰਦ ਅਨਸਰ ਭੀ ਵਧਦੇ ਰਹੇ

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.